**ਪੰਜਾਬ ਸਕੂਲ ਸਿੱਖਿਆ ਬੋਰਡ**

**ਸੂਚਨਾ**

**ਸੈਸ਼ਨ 2023-24 ਲਈ ਨੌਵੀਂ/ਗਿਆਰ੍ਹਵੀਂ ਸ਼੍ਰੇਣੀ ਦਾ ਨਤੀਜਾ ਅਪਲੋਡ ਕਰਨ ਅਤੇ ਆਨ-ਲਾਈਨ ਟਰਾਂਸਫਰ ਸਰਟੀਫਿਕੇਟ ਜਨਰੇਟ ਕਰਨ ਸਬੰਧੀ**

ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਪੰਜਾਬ ਰਾਜ ਦੇ ਸਮੂਹ ਸਕੂਲ ਮੁੱਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2023-24 ਦੇ ਨੌਵੀਂ ਅਤੇ ਗਿਆਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦਾ ਨਤੀਜਾ ਆਨ-ਲਾਈਨ ਅਪਡੇਟ ਕਰਨ, ਫਾਈਨਲ ਸਬਮਿਸ਼ਨ ਅਤੇ ਸੋਧ ਕਰਨ ਸਬੰਧੀ ਹੇਠ ਅਨੁਸਾਰ ਸ਼ਡਿਊਲ ਨਿਰਧਾਰਿਤ ਕੀਤਾ ਜਾਂਦਾ ਹੈ:-

| **ਨਿਰਧਾਰਿਤ ਫੀਸ/ਜੁਰਮਾਨਾ ਪ੍ਰਤੀ ਵਿਦਿਆਰਥੀ** | **ਨਿਰਧਾਰਿਤ ਮਿਤੀ** | **ਪੱਧਰ** |
|---|---|---|
| ਬਿਨਾਂ ਫੀਸ ਦੇ | 1. 01-04-2024 ਤੋਂ 30-04-2024 ਤੱਕ | ਸਕੂਲ ਪੱਧਰ ਤੇ |
| 500/-ਰੁ: | 2. 01-05-2024 ਤੋਂ 31-05-2024 ਤੱਕ | ਜਿਲ੍ਹਾ ਖੇਤਰੀ ਦਫ਼ਤਰਾਂ ਵਿਖੇ |
| 1000/-ਰੁ: | 3. 01-06-2024 ਤੋਂ ਬਾਅਦ | ਜਿਲ੍ਹਾ ਖੇਤਰੀ ਦਫ਼ਤਰਾਂ ਵਿਖੇ |

ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਜਿੰਨ੍ਹਾਂ ਵਿਦਿਆਰਥੀਆਂ ਦਾ ਨਤੀਜਾ ਸਕੂਲ ਪੱਧਰ (30-04-2024) ਤੇ ਅੱਪਲੋਡ ਕਰਨ ਤੋਂ ਰਹਿ ਜਾਂਦਾ ਹੈ ਤਾਂ ਉਨ੍ਹਾਂ ਵਿਦਿਆਰਥੀਆਂ ਦੇ ਨਤੀਜੇ ਨੂੰ ਅੱਪਲੋਡ ਕਰਨ ਉਪਰੰਤ ਸਕੂਲ ਦੇ ਲੈਟਰ ਹੈੱਡ ਸਮੇਤ ਨਤੀਜੇ ਦੀ ਕਾਪੀ ਅਤੇ ਜੁਰਮਾਨਾ ਫੀਸ ਜ਼ਿਲ੍ਹਾ ਖੇਤਰੀ ਦਫ਼ਤਰ ਵਿਖੇ ਜਮ੍ਹਾਂ ਕਰਵਾਉਣ ਉਪਰੰਤ ਫਾਈਨਲ ਸਬਮਿਸ਼ਨ ਅਤੇ ਸੋਧ ਸਬੰਧੀ ਕਾਰਵਾਈ ਕਰਨੀ ਯਕੀਨੀ ਬਣਾਉਣ।

ਉਪਰੋਕਤ ਤੋ ਇਲਾਵਾ ਸੈਸ਼ਨ 2023-24 ਦੇ ਨੌਵੀਂ ਅਤੇ ਗਿਆਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਨੂੰ ਸਕੂਲ ਛੱਡਣ ਦਾ ਸਰਟੀਫਿਕੇਟ (ਜੋ ਆਪਣਾ ਸਕੂਲ ਛੱਡ ਕੇ ਕਿਸੇ ਹੋਰ ਸਕੂਲ ਵਿੱਚ ਦਾਖਲਾ ਲੈਣਾ ਚਾਹੁੰਦੇ ਹਨ) ਸਕੂਲਾਂ ਵੱਲੋਂ ਅਕਾਦਮਿਕ ਸਾਲ 2024-25 ਦੇ ਦਾਖਲੇ ਦੀਆਂ ਅੰਤਿਮ ਮਿਤੀਆਂ ਤੱਕ ਸਕੂਲ ਪੱਧਰ ਤੇ ਹੀ ਆਨ-ਲਾਈਨ ਵਿਧੀ ਰਾਹੀਂ ਜਨਰੇਟ/ਡਾਊਨਲੋਡ ਕਰਨ ਦੀ ਸੁਵਿਧਾ ਵੀ ਦਿੱਤੀ ਜਾਂਦੀ ਹੈ।

**ਨੋਟ :- ਜਿੰਨ੍ਹਾਂ ਵਿਦਿਆਰਥੀਆਂ ਦੀ ਨੌਵੀਂ ਜਾਂ ਗਿਆਰ੍ਹਵੀਂ ਸ਼੍ਰੇਣੀ ਵਿੱਚ ਕੰਪਾਰਟਮੈਂਟ ਆਈ ਹੈ, ਉਨ੍ਹਾਂ ਦਾ ਨਤੀਜਾ R.L./Compartment/Re-appear ਰੱਖਿਆ ਜਾਵੇ । ਕੰਪਾਰਟਮੈਂਟ ਵਾਲੇ ਵਿਸ਼ੇ ਪਾਸ ਕੀਤੇ ਜਾਣ ਉਪਰੰਤ ਹੀ ਵਿਦਿਆਰਥੀ ਦਾ ਰਿਜ਼ਲਟ ਅਪਲੋਡ/ਨਤੀਜੇ ਵਿੱਚ ਸੋਧ ਕੀਤੀ ਜਾਵੇ ।**

Raj Kumar

ਸੁਪਰਡੰਟ (ਰਜਿਸਟਰੇਸ਼ਨ)